
12 ਮਈ 1991 12 May 1991

# ਹਰਚਰਨ ਸਿੰਘ ਦਾ ਇਕਾਂਗੀ 'ਮਨ ਦੀਆਂ ਮਨ ਵਿਚ'



## ਮੇਰੀ ਨਾਟਕ ਡਾਇਰੀ

ਗੁਰਸ਼ਰਨ ਸਿੰਘ

ਇਹ ਇਕਾਂਗੀ ਪੰਜਾਬੀ ਇਕਾਂਗੀ ਸਾਹਿਤ' ਦੀ ਇਕ ਕਲਾਸਕੀ ਕਿਰਤ ਹੈ। ਮਾਰਚ 1964 ਵਿਚ ਇਸ ਨੂੰ ਅਸੀਂ 'ਅੰਮ੍ਰਿਤਸਰ ਨਾਟਕ ਕਲਾ ਕੇਂਦਰ' ਦੇ ਸਾਰਿਆਂ ਨਾਲੋਂ ਪਹਿਲੇ ਪ੍ਰੋਗਰਾਮ ਵਿਚ ਖੇਡਿਆ ਸੀ। ਇਸ ਕੇਂਦਰ ਦੀ ਸਥਾਪਨਾ ਮੈਂ, ਸ. ਹਰਬੰਸ ਸਿੰਘ ਜੌਲੀ, ਸ. ਤੇਜਾ ਸਿੰਘ ਅਤੇ ਪ੍ਰੋ. ਗੁਰਦਿਆਲ ਸਿੰਘ ਫੁੱਲ ਹੋਰਾਂ ਨੇ ਕੀਤੀ। ਬਹੁਤ ਸਾਰੇ ਨਾਟਕ ਕਲਾ ਦੇ ਕਲਾਕਾਰ, ਜਿਹੜੇ ਮੇਰੇ ਨਾਲ ਨਹਿਰ ਦੇ ਮਹਿਕਮੇ ਵਿਚ ਕੰਮ ਕਰਦੇ ਸਨ ਅਤੇ ਅੰਮ੍ਰਿਤਸਰ ਵਿਚ ਰਹਿ ਰਹੇ ਸਨ, ਇਹਦੇ ਨਾਲ ਜੁੜੇ। ਇੰਦਰਜੀਤ ਮਹਿਤਾ ਇਸ ਦੇ ਪਹਿਲੇ ਜਨਰਲ ਸਕੱਤਰ ਬਣੇ। ਅੰਮ੍ਰਿਤਸਰ ਨਾਟਕ ਕਲਾ ਕੇਂਦਰ ਨੇ ਆਪਣਾ ਇਹ ਨਿਸ਼ਾਨਾ ਮਿਥਿਆ ਕਿ ਪੰਜਾਬੀ ਦੇ ਚੰਗੇ ਸਾਹਿਤਕ ਨਾਟਕਾਂ ਨੂੰ ਦਰਸ਼ਕਾਂ ਅੱਗੇ ਪੇਸ਼ ਕਰਨਾ ਹੈ। ਸ. ਤੇਜਾ ਸਿੰਘ ਹੋਰਾਂ ਦਾ ਤੇਜ ਪ੍ਰੈਸ ਜੋ ਕੱਟੜਾ ਸ਼ੇਰ ਸਿੰਘ ਵਿਚ ਹੈ, ਸਾਡੀਆਂ ਸਰਗਰਮੀਆਂ ਦਾ ਕੇਂਦਰ ਬਣਿਆ। ਸ਼ਾਮ ਨੂੰ ਰੀਹਰਸਲਾਂ ਵੀ ਤੇਜ ਪ੍ਰੈਸ ਦੇ ਕੋਠੇ 'ਤੇ ਹੀ ਹੁੰਦੀਆਂ ਸਨ।

ਮਾਰਚ 1964 ਵਿਚ ਹੀ ਟੈਂਪਰੈਸ ਹਾਲ ਵਿਚ ਪਹਿਲਾ ਸਮਾਗਮ ਹੋਇਆ। ਇਹ ਤਿੰਨ ਇਕਾਂਗੀਆਂ ਦਾ ਪ੍ਰੋਗਰਾਮ ਸੀ ਜਿਸ ਵਿਚ 'ਮਨ ਦੀਆਂ ਮਨ ਵਿਚ' ਇਕ ਇਕਾਂਗੀ ਸੀ। ਦੂਜਾ ਇਕਾਂਗੀ ਗੁਰਦਿਆਲ ਸਿੰਘ ਫੁੱਲ ਹੋਰਾਂ ਦਾ 'ਬੇਬੱਸੀ' ਸੀ ਅਤੇ ਤੀਜਾ ਮੇਰਾ ਆਪਣਾ ਲਿਖਿਆ ਹੋਇਆ ਵਿਅੰਗਾਤਮਕ ਨਾਟਕ 'ਪਲੈਨਿੰਗ' ਸੀ। 'ਮਨ ਦੀਆਂ ਮਨ ਵਿਚ' ਪੰਜਾਬ ਦੀ ਵੰਡ ਤੋਂ ਪਹਿਲਾਂ ਦਾ ਲਿਖਿਆ ਹੋਇਆ ਨਾਟਕ ਹੈ, ਜੋ ਪਹਿਲੀ ਵਾਰ ਖਾਲਸਾ ਕਾਲਜ ਫਾਰ ਵਿਮਨ ਲਾਹੌਰ ਵਿਚ ਖੇਡਿਆ ਗਿਆ ਸੀ।

ਇਹ ਅੰਬੋ ਨਾਂ ਦੀ ਔਰਤ ਦੀ ਤ੍ਰਾਸਦੀ ਹੈ, ਜਿਸ ਦਾ ਵੈਲੀ ਅਤੇ ਅਮਲੀ ਪਤੀ ਬੜੇ ਸਾਲ ਪਹਿਲਾਂ ਉਸ ਨੂੰ ਛੱਡ ਕੇ ਚਲਿਆ ਗਿਆ ਸੀ। ਉਸ ਦੀ ਕੋਈ ਉਘ-ਸੁਘ ਨਾ ਹੋਣ ਕਰ ਕੇ ਹੁਣ ਉਹ ਪਿੰਡ ਦੇ ਇਕ ਹੋਰ ਗੱਭਰੂ ਸ਼ੇਰੂ ਨਾਲ ਚਾਦਰ ਪਾਉਣ 'ਤੇ ਰਾਜ਼ੀ ਹੋ ਜਾਂਦੀ ਹੈ। ਪਿੰਡ ਦੇ ਪਤਵੰਤੇ ਵੀ ਇਸ ਗੱਲ 'ਤੇ ਰਾਜ਼ੀ ਹਨ। ਨਾਟਕ ਸ਼ੁਰੂ ਹੁੰਦਾ ਹੈ। ਅੰਬੋ ਵਿਆਹ ਵਾਲੇ ਕੱਪੜੇ ਪਾਈ ਸ਼ੀਸ਼ੇ ਅੱਗੇ ਸ਼ਿੰਗਾਰ ਕਰ ਰਹੀ ਹੈ। ਸਾਲਾਂ ਬਾਅਦ ਇਹ ਦਿਨ ਆਇਆ ਹੈ। ਉਹਨੂੰ ਚਾਅ ਹੈ। ਅੱਜ ਉਸ ਨੇ ਇਕ ਨਵੀਂ ਜ਼ਿੰਦਗੀ ਸ਼ੁਰੂ ਕਰਨੀ ਹੈ। ਸ਼ੇਰੂ ਆਉਂਦਾ ਹੈ। ਇੰਜ ਮਹਿਸੂਸ ਹੁੰਦਾ ਹੈ ਕਿ ਉਹਦੇ ਕੋਲੋਂ ਅੰਬੋ ਦਾ ਰੂਪ ਝੱਲਿਆ ਨਹੀਂ ਜਾਂਦਾ। ਉਨ੍ਹਾਂ ਦੀ ਵਾਰਤਾਲਾਪ ਵਿਚ ਅੰਬੋ ਦੀ ਪਹਿਲੀ ਜ਼ਿੰਦਗੀ ਦਾ ਦੁੱਖ ਅਤੇ ਆਉਣ ਵਾਲੇ ਖ਼ੁਸ਼ੀਆਂ ਭਰੇ ਦਿਨਾਂ ਦੀ ਉਮੀਦ ਝਲਕਦੀ ਹੈ। ਸ਼ੇਰੂ ਦੇ ਜਾਣ ਦੇ ਬਾਅਦ ਜਦੋਂ ਅੰਬੋ ਬਿਲਕੁਲ ਤਿਆਰ ਹੈ, ਤਾਂ ਕਰਮੋ ਉਹਦੀ ਨਨਾਣ (ਪਹਿਲੇ ਪਤੀ ਦੀ ਭੈਣ) ਆ ਜਾਂਦੀ ਹੈ। ਉਹ ਗਿਲੇ-ਸ਼ਿਕਵੇ ਕਰਦੀ ਹੈ। ਅੰਬੋ ਨੂੰ ਬੁਰਾ-ਭਲਾ ਕਹਿੰਦੀ ਹੈ। ਉਹਦੇ ਅਨੁਸਾਰ ਉਹਦਾ ਭਰਾ ਹਾਲੇ ਜੀਂਦਾ ਹੈ ਤੇ ਭੈਣ ਨੂੰ ਉਮੀਦ ਹੈ ਕਿ ਉਹ ਬੜੀਆਂ ਕਮਾਈਆਂ ਕਰ ਕੇ ਆਏਗਾ। ਉਹ ਅੰਬੋ ਨੂੰ ਧਮਕੀਆਂ ਵੀ ਦਿੰਦੀ ਹੈ। ਪਿੰਡ ਵਾਲਿਆਂ ਦੀ ਰਜ਼ਾਮੰਦੀ ਦਾ ਪਤਾ ਲੱਗਣ 'ਤੇ ਪਿੰਡ ਵਾਲਿਆਂ ਨੂੰ ਬੁਰਾ-ਭਲਾ ਕਹਿੰਦੀ ਹੈ।

ਪਿੰਡ ਦਾ ਰਾਜਾ ਘੜੀ-ਮੁੜੀ ਸੁਨੇਹਾ ਲੈ ਕੇ ਆ ਰਿਹਾ ਹੈ ਕਿ ਲਾਵਾਂ ਵਾਲੀ ਥਾਂ 'ਤੇ ਸਾਰੇ ਉਡੀਕ ਕਰ ਰਹੇ ਹਨ। ਪਰ ਕਰਮੋ ਅੰਬੋ ਨੂੰ ਜ਼ਬਰਦਸਤੀ ਪਕੜ ਕੇ ਰੱਖਦੀ ਹੈ, ਜਾਣ ਨਹੀਂ ਦਿੰਦੀ। ਪਿੰਡ ਦਾ ਨੰਬਰਦਾਰ ਆਉਂਦਾ ਹੈ। ਉਹਦਾ ਕਰਮੋ ਨਾਲ ਤਕਰਾਰ ਹੁੰਦਾ ਹੈ। ਕਰਮੋ ਆਖਰੀ ਦਾਅ ਖੇਡਦੀ ਹੋਈ ਅੰਬੋ 'ਤੇ ਬਦਕਾਰ ਹੋਣ ਦਾ ਦੋਸ਼ ਧਰਦੀ ਹੈ। ਸਮਾਂ ਲੰਘਦਾ ਜਾ ਰਿਹਾ ਹੈ। ਆਵਾਜ਼ਾਂ ਆ ਰਹੀਆਂ ਹਨ। ਕੁੜੀ ਨੂੰ ਜਲਦੀ ਲਿਆਓ। ਸ਼ੇਰੂ ਆਪ ਅੰਬੋ ਨੂੰ ਲੈਣ ਆਉਂਦਾ ਹੈ। ਔਰਤ ਇਸ ਸਮਾਜ ਵਿਚ ਬਿਲਕੁਲ ਹੀ ਵਿਚਾਰਾ ਜਿਹੀ ਜੀਵ ਹੈ। ਉਸ ਦੀ ਖ਼ੁਸ਼ੀ ਅਤੇ ਗ਼ਮੀ ਉਹਦੇ ਵਸ ਨਹੀਂ।

ਇਸ ਤਕਰਾਰ ਵਿਚ ਹੀ ਬੂਹੇ ਵਲੋਂ ਕੋਈ ਖੰਘਦਾ ਹੈ। ਸਾਰੇ ਉਧਰ ਵੇਖਣ ਲੱਗ ਪ[...] ਹਨ। ਇਹ ਬਿਮਾਰੀ ਅਤੇ ਅਮਲ ਦਾ ਖਾ[...] ਹੋਇਆ ਬੰਦਾ ਅੰਦਰ ਆਉਂਦਾ ਹੈ। ਇ[...] ਕਰਮਾ ਹੈ, ਅੰਬੋ ਦਾ ਪਹਿਲਾ ਘਰ ਵਾਲਾ। ਉਹਦਾ ਅਸਲੀ ਮਾਲਕ। ਉਹਦੇ ਜੀਂਦਿਆ[...] ਅੰਬੋ ਕਿਸੇ ਹੋਰ ਦੀ ਕਿਸ ਤਰ੍ਹਾਂ ਹੋ ਸਕਦੀ ਹੈ[...] ਸਾਰੀਆਂ ਦਲੀਲਾਂ ਸਮਾਜ ਦੀ ਇਸ ਕਠੋ[...] ਸਚਾਈ ਅੱਗੇ ਧਰੀਆਂ ਦੀਆਂ ਧਰੀਆਂ ਰ[...] ਜਾਂਦੀਆਂ ਹਨ। ਅੰਬੋ ਡੌਰ-ਭੌਰ ਹੋਈ ਕਦ[...] ਕਰਮੇ ਵਲ ਤੇ ਕਦੀ ਸ਼ੇਰੂ ਵਲ ਵੇਖਦੀ ਹੈ [...] ਫੇਰ ਇਸੇ ਹਾਲਤ ਵਿਚ ਫਰੀਜ਼ ਹੋ ਜਾਂਦੀ ਹੈ। ਨਾਟਕ ਦਾ ਸਿਖਰ ਦਿਲ ਹਿਲਾ ਦੇਣ ਵਾਲ[...] ਹੈ। ਇਸ ਵਿਚ ਸਤਿੰਦਰ ਨੇ ਅੰਬੋ ਦੇ ਰੂਪ ਵਿਚ, ਪ੍ਰੀਤਮ ਪਿਆਸਾ ਨੇ ਸ਼ੇਰੂ ਦੇ ਰੂਪ ਵਿਚ ਜਤਿੰਦਰ ਨੇ ਨਨਾਣ ਕਰਮੋ ਦੇ ਰੂਪ ਵਿਚ [...] ਨਰਿੰਦਰ ਵਾਲੀਆ ਨੇ ਅਮਲੀ ਕਰਮੇ ਦੇ ਰੂਪ ਵਿਚ ਬੜੀਆਂ ਸਫਲ ਭੂਮਿਕਾਵਾਂ ਨਿਭਾਈਆਂ।

ਇਸ ਇਕਾਂਗੀ ਨੂੰ ਇਸ ਦੀ ਸਾਰੀ ਵਿਉਂਤਬੰਦੀ ਸ਼ੁਰੂ, ਦਰਮਿਆਨ ਅਤੇ ਸਿਖਰ, ਇਕਾਂਗੀ ਸਾਹਿਤ ਦੀ ਇਕ ਮਿਸਾਲੀ ਕ੍ਰਿਤ ਦਾ ਦਰਜਾ ਦਿੰਦੀ ਹੈ।



ਪੰਜਾਬੀ ਸਭਿਆਚਾਰ ਬਾਰੇ ਵਿਚਾਰ-ਵਟਾਂਦਰਾ ਕਰਨ ਵਾਲੀ ਕਮੇਟੀ ਦੀ ਮੀਟਿੰਗ ਵਿਚ ਗੁਰਸ਼ਰਨ ਸਿੰਘ (ਖੱਬਿਓਂ ਦੂਜਾ) ਅਤੇ ਸਵਰਗੀ ਬਲਰਾਜ ਸਾਹਨੀ (ਸੱਜਿਓਂ ਚੌਥਾ)